## ਪੂਰਨਮਾਸ਼ੀ ਦੇ ਦਿਹਾੜੇ 'ਤੇ ਗੁਰਦੁਆਰਾ ਚੰਦ ਪੁਰਾਣਾ ਵਿਖੇ ਸਜੇ ਭਾਰੀ ਦੀਵਾਨ ਸੰਗਤ ਵਿਚੋ ਹੀ ਖੁਸ਼ੀਆਂ ਦੀ ਪ੍ਰਾਪਤੀ ਹੁੰਦੀ ਹੈ -ਬਾਬਾ ਗੁਰਦੀਪ ਸਿੰਘ




ਚੰਦ ਪੁਰਾਣਾ / 23 ਅਪ੍ਰੈਲ / ਬਿਓਰੋ

-ਮਾਲਵੇ ਦਾ ਪ੍ਰਸਿਧ ਧਾਰਮਿਕ ਅਸਥਾਨ ਦੀਨ ਦੁਖੀਆ ਦਾ ਸਹਾਰਾ ਜਾਣਿਆਂ ਜਾਦਾ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਵਿਖੇ ਹਰੇਕ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਵਿਸਾਖ ਦੀ ਪੂਰਨਮਾਸ਼ੀ ਦਾ ਦਿਹਾੜਾ ਮੁੱਖ ਸੇਵਦਾਰ ਬਾਬਾ ਗੁਰਦੀਪ ਸਿੰਘ ਦੇ ਪ੍ਰਬੰਧਾ ਹੇਠ ਬਹੁੱਤ ਹੀ ਸਰਧਾ ਨਾਲ ਮਨਾਇਆਂ ਗਿਆਂ । ਸਵੇਰ ਤੋਂ ਲੈ ਕੇ ਸੰਗਤਾ ਨੇ ਪਵਿਤਰ ਸਰੋਵਰ ਵਿੱਚ ਇਸ਼ਨਾਨਾ ਕੀਤਾ ਅਤੇ ਸਜੇ ਭਾਰੀ ਦੀਵਾਨਾ ਵਿਚ ਆਪਣੀਆਂ ਹਾਜਰੀਆਂ ਲਵਾਈਆਂ।

ਅੰਮ੍ਰਿਤ ਵੇਲੇ ਤਿੰਨ ਸ਼੍ਰੀ ਅਖੰਡ ਪਾਠਾ ਦੀ ਲੜੀ ਦੇ ਭੋਗ ਪਾਏ ਗਏ ਭੋਗਾ ਉਪਰੰਤ ਰੱਬੀ ਬਾਣੀ ਦਾ ਕੀਰਤਨ ਹਜੂਰੀ ਰਾਗੀ ਭਾਈ ਸੁਖਵੰਤ ਸਿੰਘ, ਭਾਈ ਜਸਪਾਲ ਸਿੰਘ ਲੱਲੇ, ਭਾਈ ਇਕਬਾਲ ਸਿੰਘ ਨੱਥੂਵਾਲਾ, ਭਾਈ ਜੁਗਰਾਜ ਸਿੰਘ ਮੌੜ ਮਾਲਵਾ, ਭਾਈ ਇਕਬਾਲ ਸਿੰਘ ਲੰਗੇਆਣਾ ਵਾਲਿਆ ਦੇ ਜਥਿਆਂ ਨੇ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੋਮਣੀ ਕਮੇਟੀ ਦੇ ਹਲਕਾ ਪ੍ਰਚਾਰਕ ਭਾਈ ਲਖਵੀਰ ਸਿੰਘ ਨੇ ਵੀ ਸੰਗਤਾ ਨੂੰ ਸੰਬੋਧਨ ਕੀਤਾ।

ਸ਼ਜੇ ਦੀਵਾਨਾ ਵਿੱਚ ਵੱਡੀ ਗਿਣਤੀ ਵਿੱਚ ਜੁੜੀਆਂ ਸੰਗਤਾ ਨੂੰ ਸੰਬੋਧਨ ਕਰਦਿਆਂ ਮੁੱਖ ਸੇਵਦਾਰ ਬਾਬਾ ਗੁਰਦੀਪ ਸਿੰਘ ਨੇ ਕਿਹਾ ਕਿ ਉਹ ਜੀਵ ਵਡਭਾਗੇ ਬਣ ਜਾਦੇ ਬਹਨ ਜਿਹੜੇ ਦਾਂ ਘੜੀਆ ਦੀਵਾਨ ਵਿੱਚ ਬੈਠ ਕੇ ਗੁਰੁ ਦਾ ਜਸ ਸਰਵਨ ਕਰਦੇ ਹਨ ਬਿਨ ਭਾਗਾ ਤੋਂ ਸਤਸੰਗ ਦੀਆਂ ਘੜੀਆਂ ਪ੍ਰਾਪਤ ਨਹੀ ਹੁੰਦੀਆਂ। ਉਹਨਾ ਸਮੂੰਹ ਸੰਗਤਾ ਨੂੰ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਆਪਣਾ ਜੀਵਨ ਸਫਲਾ ਕਰਨ ਲਈ ਕਿਹਾ।

ਇਸ ਮੌਕੇ ਹੋਰਨਾ ਤੋਂ ਇਲਾਵਾ ਭਾਈ ਦਰਸ਼ਨ ਸਿੰਘ ਡਰੋਲੀ (ਸਟੇਜ ਸਕੱਤਰ), ਨਛੱਤਰ ਸਿੰਘ ਪੰਚ, ਜਸਵੀਰ ਸਿੰਘ ਰੰਧਾਵਾ ਮਸੰਦਾ, ਨਿਰਮਲ ਸਿੰਘ ਡੇਅਰੀ ਵਾਲਾ, ਚਮਕੌਰ ਸਿੰਘ ਚੰਦ ਪੁਰਾਣਾ, ਧਰਮ ਸਿੰਘ ਕਾਲੇਕੇ, ਮੇਜਰ ਸਿੰਘ, ਸਰਬਜੀਤ ਸਿੰਘ, ਡਾ: ਅਵਤਾਰ ਸਿੰਘ, ਹੌਲਦਾਰ ਦੇਵ ਸਿੰਘ, ਲਾਭ ਸਿੰਘ, ਸੁਰਿੰਦਰ ਸਿੰਘ, ਬਿੱਲੂ ਸਿੰਘ, ਅਜਮੇਰ ਸਿੰਘ, ਬਚਿੱਤਰ ਸਿੰਘ ਅਤੇ ਰਜਿੰਦਰ ਸਿੰਘ ਸਿੰਘਾਂਵਾਲਾ ਆਦਿ

## ਨਾਨਕਸਰ ਠਾਠ ਮੰਡੀਰਾਂਵਾਲਾ ਵਿਖੇ ਪੁੰਨਿਆ ਦੇ ਸਮਾਗਮ ਵਿਚ ਵੱਡੇ ਪੱਧਰ 'ਤੇ ਪੁੱਜੀਆਂ ਸੰਗਤਾਂ




ਬਾਘਾ ਪੁਰਾਣਾ/ 23 ਅਪ੍ਰੈਲ / ਬਿਓਰੋ

-ਗੁਰੂ ਨਾਨਕ ਦਰਬਾਰ ਨਾਨਕਸਰ ਠਾਠ ਮੰਡੀਰਾਂ ਵਿਖੇ ਹਰੇਕ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਵਿਸਾਖ ਦੀ ਪੂਰਨਮਾਸ਼ੀ ਦਾ ਦਿਹਾੜਾ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਮੁੱਖ ਪ੍ਰਬੰਧਕ ਭਾਈ ਹਰਪ੍ਰੀਤ ਸਿੰਘ ਡੋਨੀ ਦੀ ਦੇਖ ਰੇਖ ਹੇਠ ਮਨਾਇਆਂ ਗਿਆਂ।

ਇਸ ਮੌਕੇ ਸ਼੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ ਉਪਰੰਤ ਭਾਈ ਗੁਰਦੀਪ ਸਿੰਘ ਦੇ ਜੱਥੇ ਵੱਲੋਂ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆਂ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਨੇ ਸੰਗਤਾਂ ਨੂੰ ਪ੍ਰਵਚਨਾ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਬਾਣੀ ਤੇ ਬਾਣੇ ਵਿਚ ਪ੍ਰਪੱਕ ਹੋ ਕੇ ਗੁਰਸਿੱਖੀ ਜੀਵਨ ਬਸਰਾ ਕਰਨਾ ਚਾਹੀਦਾ ਹੈ ਅਤੇ ਹਮੇਸ਼ਾਂ ਸਰਬੱਤ ਦਾ ਭਲਾ ਮੰਗਣਾ ਚਾਹੀਦਾ ਹੈ। ਸਮਾਗਮ ਦੀ ਸਮਾਪਤੀ ਵਿਚ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਵੱਲੋਂ ਸਹਿਯੋਗੀਆਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਾਬਕਾ ਸਰਪੰਚ ਇਕੱਤਰ ਸਿੰਘ ਸੰਧੂ, ਸਰਪੰਚ ਬਲਜੀਤ ਸਿੰਘ ਮੋਨੂੰ, ਸਰਪੰਚ ਗੁਰਮੁੱਖ ਸਿੰਘ ਜੈ ਸਿੰਘ ਵਾਲਾ, ਅਮਰਜੀਤ ਸਿੰਘ ਬਾਘਾ ਪੁਰਾਣਾ, ਗ੍ਰੰਥੀ ਸੇਵਕ ਸਿੰਘ, ਧਰਮਵੀਰ ਸਿੰਘ, ਸੇਵਕ ਸਿੰਘ, ਲਵਪ੍ਰੀਤ ਸਿੰਘ, ਨੇਕ ਸਿੰਘ ਤੇ ਹੋਰ ਹਜ਼ਾਰਾਂ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।




www.mehakwatandilive.com

ਧਾਰਮਿਕ ਪ੍ਰੋਗਰਾਮ, ਖੇਡ ਮੇਲੇ ਅਤੇ ਸਾਹਿਤਕ ਸਮਾਗਮਾ ਦਾ "ਮਹਿਕ ਵਤਨ ਦੀ ਲਾਈਵ" ਵੈਬ ਟੀ.ਵੀ. ਤੇ ਲਾਈਵ ਟੈਲੀਕਾਸਟ ਕਰਵਾਉਣ ਲਈ ਸੰਪਰਕ ਕਰੋ:




Help Line: 9988 92 9988

## ਜ਼ਿਲੇ 'ਚ ਵਿਕਾਸ ਦੇ ਕੰਮਾਂ ਲਈ ਅੱਵਲ ਦਰਜਾ ਇੱਟਾਂ ਦਾ ਰੇਟ 4000/- ਰੁਪਏ (ਪ੍ਰਤੀ ਹਜ਼ਾਰ) ਨਿਰਧਾਰਤ-ਡਿਪਟੀ ਕਮਿਸ਼ਨਰ



ਮੋਗਾ / ਮਵਦੀਲਾ ਬਿਓਰੋ

ਡਿਪਟੀ ਕਮਿਸ਼ਨਰ ਮੋਗਾ ਸ. ਕੁਲਦੀਪ ਸਿੰਘ ਵੈਦ ਨੇ ਦੱਸਿਆ ਕਿ ਸਕੱਤਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲਾ ਮੋਗਾ 'ਚ ਵਿਕਾਸ ਦੇ ਕੰਮਾਂ ਲਈ ਇੱਟਾਂ ਦੇ ਰੇਟ ਨਿਰਧਾਰਤ ਕਰਨ ਲਈ ਕਮੇਟੀ ਗਠਿਤ ਕੀਤੀ ਗਈ ਸੀ। ਇਸ ਕਮੇਟੀ ਵੱਲੋਂ ਮਾਰਕੀਟ ਵਿੱਚ ਮਿਲ ਰਹੀਆਂ ਇੱਟਾਂ ਸਬੰਧੀ ਸਰਬ-ਸੰਮਤੀ ਨਾਲ ਇੱਟਾਂ ਦੇ ਮੌਜੂਦਾ ਰੇਟਾਂ ਅਤੇ ਮਾਰਕੀਟ 'ਚ ਘਟੇ ਹੋਏ ਰੇਟਾਂ ਨੂੰ ਮੁੱਖ ਰੱਖਦੇ ਹੋਏ ਜ਼ਿਲਾ ਮੋਗਾ 'ਚ ਵਿਕਾਸ ਦੇ ਕੰਮਾਂ ਲਈ ਅੱਵਲ ਦਰਜਾ (ਸਟੈਂਡਰਡ ਸਾਈਜ਼) ਇੱਟਾਂ ਦਾ ਰੇਟ 4000/- ਰੁਪਏ (ਭੱਠੇ 'ਤੇ ਪ੍ਰਤੀ ਹਜ਼ਾਰ ਇੱਟ) ਸਮੇਤ ਸਾਰੇ ਟੈਕਸ ਨਿਰਧਾਰਤ ਕੀਤਾ ਗਿਆ ਹੈ।

ਉਨਾਂ ਦੱਸਿਆ ਕਿ ਕਾਰਜਕਾਰੀ ਇੰਜਨੀਅਰ, ਪੰਚਾਇਤੀ ਰਾਜ ਮੋਗਾ ਅਤੇ ਜ਼ਿਲੇ ਦੇ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਇਹ ਯਕੀਨੀ ਬਣਾਉਣਗੇ ਕਿ ਜ਼ਿਲੇ 'ਚ ਇੱਟਾਂ ਦੇ ਨਿਰਧਾਰਤ ਕੀਤੇ ਰੇਟਾਂ ਤੋਂ ਵੱਧ ਕੋਈ ਵੀ ਗ੍ਰਾਮ ਪੰਚਾਇਤ ਇੱਟਾਂ ਦੀ ਖ੍ਰੀਦ ਨਹੀਂ ਕਰੇਗੀ ਅਤੇ ਟਰਾਂਸਪੋਰਟ ਦਾ ਖਰਚਾ ਘਟਾਉਣ ਲਈ ਗ੍ਰਾਮ ਪੰਚਾਇਤ ਵੱਲੋਂ ਨੇੜੇ ਦੇ ਭੱਠੇ ਤੋਂ ਹੀ ਇੱਟਾਂ ਦੀ ਖ੍ਰੀਦ ਕੀਤੀ ਜਾਵੇ।

## ਖੇਤੀਬਾੜੀ ਮੰਤਰੀ ਨੇ ਪਿੰਡ ਬੀੜ ਚੜਿੱਕ (ਮੋਗਾ) ਵਿਖੇ ਹਾਈਟੈਕ ਸਬਜ਼ੀ ਕੇਦਰ ਦਾ ਨੀਹ ਪੱਥਰ ਰੱਖਿਆ




ਮੋਗਾ / ਮਵਦੀਲਾ ਬਿਓਰੋ

ਪੰਜਾਬ ਵਿੱਚ ਸਬਜ਼ੀਆਂ ਦੀ ਕਾਸ਼ਤ ਨੂੰ ਪ੍ਰਫੁਲਿੱਤ ਕਰਨ ਅਤੇ ਕਿਸਾਨਾਂ ਦੀ ਮੁਨਾਫਾਕਾਰੀ ਚ' ਵਾਧਾ ਕਰਨ ਲਈ ਸੈਂਟਰ ਆਫ ਐਕਸੀਲੈਂਸ ਸਬਜ਼ੀ, ਕਰਤਾਰਪੁਰ, ਜਿਲਾ ਜਲੰਧਰ ਦੀ ਤਰਜ਼ 'ਤੇ ਹਾਈਟੈਕ ਸਬਜ਼ੀ ਕੇਦਰ, ਪਿੰਡ ਬੀੜ ਚੜਿੱਕ ਜਿਲਾ ਮੋਗਾ ਦਾ ਨੀਹ ਪੱਥਰ ਸਮਾਗਮ ਦੇ ਮੁੱਖ ਮਹਿਮਾਨ ਮਾਨਯੋਗ ਖੇਤੀਬਾੜੀ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ, ਪੰਜਾਬ ਜਥੇਦਾਰ ਤੋਤਾ ਸਿੰਘ ਵੱਲੋ ਰੱਖਿਆ ਗਿਆ।ਇਸ ਸਮਾਰੋਹ ਦੌਰਾਨ ਟੈਕਨੀਕਲ ਸੈਸ਼ਨ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਵੱਲੋ ਕਿਸਾਨਾਂ ਨੂੰ ਸਬਜ਼ੀਆਂ ਦੀ ਪ੍ਰੋਟੈਕਟਿਡ ਖੇਤੀ ਸਬੰਧੀ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਕਿਸਾਨਾਂ ਵੱਲੋ ਪੁੱਛੇ ਗਏ ਸਵਾਲਾਂ ਦੇ ਮੌਕੇ 'ਤੇ ਜਵਾਬ ਦਿੱਤੇ ਗਏ।